GNA

# GNA AXLES LIMITED

Regd. Office : GNA HOUSE, I-C, CHHOTI BARADARI - PART-II
GARHA ROAD, JALANDHAR- 144001
Phones : 0181-4630477
Fax : 0181-4630477
E-mail : info@gnagroup.com
Website : www.gnagroup.com

Dated : August 30, 2021

| | |
|---|---|
| Department of Corporate Services<br>BSE Limited<br>25th Floor<br>Rotunda Building, P J Towers<br>Dalal Street, Fort<br>MUMBAI 400001<br><br>**SCRIP CODE : 540124** | The National Stock Exchange of India Limited<br>"Exchange Plaza"<br>Plot No C-1, G Block<br>Bandra Kurla Complex<br>Bandra (East)<br>MUMBAI – 400051<br><br>**SCRIP CODE : GNA** |

***SUB: Newspaper Publication***

Sir,

We are pleased to enclose a copy of the Notice published in the Financial Express (English Daily) and Rozana Spokesman (Punjabi Daily) on 29th August 2021 containing, interalia, information regarding the 28th Annual General Meeting scheduled on September 20th, 2021, Record Date for Dividend & AGM, E-voting facility and dispatch of Annual Reports to the shareholders by email.

This is for your information and record.

Thanking You

Yours Truly
For GNA AXLES LIMITED

Gourav Jain
Company Secretary

# ਜੀਐਨਏ
## ਐਕਸਲਸ ਲਿਮਟਡ


**CIN: L29130PB1993PLC013684**

**ਰਜਿਸਟਰਡ ਦਫਤਰ:** ਜੀਐਨਏ ਹਾਊਸ, 1-ਸੀ ਛੋਟੀ ਬਾਰਾਦਰੀ ਪਾਰਟ-II, ਸਾਹਮਣੇ ਮੈਡੀਕਲ ਕਾਲਜ, ਗੜ੍ਹਾ ਰੋਡ, ਜਲੰਧਰ-144001 । **ਟੈਲੀਫੋਨ:** +91-181-4630477, **ਫੈਕਸ:** +91-181-4630477

**ਈਮੇਲ :** gjain@gnagroup.com, **ਵੈੱਬਸਾਈਟ :** www.gnagroup.com


## 28ਵੀਂ ਸਾਲਾਨਾ ਆਮ ਮੀਟਿੰਗ ਵਾਸਤੇ ਨੋਟਿਸ-ਰਿਕਾਰਡ ਡੇਟ ਅਤੇ ਰਿਮੋਟ ਈ-ਵੋਟਿੰਗ

ਇਹ ਨੋਟਿਸ ਦਿੱਤਾ ਜਾਂਦਾ ਹੈ ਕਿ **ਜੀਐਨਏ ਐਕਸਲਸ ਲਿਮਟਡ** ਦੇ ਸ਼ੇਅਰ ਧਾਰਕਾਂ ਦੀ 28ਵੀਂ ਸਾਲਾਨਾ ਆਮ ਮੀਟਿੰਗ (ਏਜੀਐਮ) ਸੋਮਵਾਰ 20 ਸਤੰਬਰ, 2021 ਨੂੰ 12:30 ਪੀਐਮ ਵਜੇ ਵੀਡੀਓ ਕਾਨਫਰੈਂਸਿੰਗ (ਵੀਸੀ) ਜਾਂ ਫਿਰ ਕਿਸੇ ਹੋਰ ਆਡੀਓ ਵਿਜ਼ੂਅਲ ਮੀਨਜ਼ (ਓਵੀਐਮ) ਦੀ ਅਨੁਪਾਲਣਾ ਵਿਚ ਆਯੋਜਿਤ ਕੀਤੀ ਜਾਵੇਗੀ । ਕੰਪਨੀਜ਼ ਐਕਟ, 2013 ਜਿਸ ਨੂੰ ਕਿ ਜਨਰਲ ਸਰਕੂਲਰ ਨੰਬਰ 20 ਮਿਤੀ 5 ਮਈ, 2020, ਸਰਕੂਲਰ ਨੰਬਰ 14 ਮਿਤੀ 8 ਅਪਰੈਲ, 2020 ਅਤੇ ਸਰਕੂਲਰ ਨੰਬਰ 17 ਮਿਤੀ 13 ਅਪਰੈਲ 2020 (ਇਸ ਤੋਂ ਬਾਅਦ ਇਹਨਾਂ ਨੂੰ ਇਕੱਠਿਆਂ ਐਮਸੀਏ ਸਰਕੂਲਰਸ ਵਜੋਂ ਜਾਣਿਆ ਜਾਵੇਗਾ) ਨਾਲ ਪੜ੍ਹਿਆ ਜਾਵੇਗਾ, ਨੇ ਵੀਸੀ ਜਾਂ ਓਏਵੀਐਮ ਦੇ ਮਾਧਿਅਮ ਨਾਲ ਇਕ ਆਮ ਸਥਾਨ 'ਤੇ ਮੈਂਬਰਾਂ ਦੀ ਭੌਤਿਕ ਮੌਜੂਦਗੀ ਦੇ ਬਗੈਰ ਸਾਲਾਨਾ ਆਮ ਬੈਠਕ ਆਯੋਜਿਤ ਕਰਨ ਦੀ ਇਜਾਜ਼ਤ ਦਿੱਤੀ । ਇਹਨਾਂ ਐਮਸੀਏ ਸਰਕੂਲਰਾਂ ਅਤੇ ਕੰਪਨੀਜ਼ ਐਕਟ, 2013 ਦੀਆਂ ਪ੍ਰਸੰਗਿਕ ਤਜ਼ਵੀਜ਼ਾਂ ਅਤੇ ਸੇਬੀ (ਸੂਚੀਕਰਨ ਜ਼ਿੰਮੇਵਾਰੀਆਂ ਅਤੇ ਪ੍ਰਗਟੀਕਰਨ ਜ਼ਰੂਰਤਾਂ) ਐਕਟ, 2015 ਦੀ ਪਾਲਣਾ ਦੇ ਤਹਿਤ, ਕੰਪਨੀ ਦੇ ਮੈਂਬਰਾਂ ਦੀ ਸਾਲਾਨਾ ਆਮ ਬੈਠਕ ਵੀਸੀ/ਓਏਵੀਐਮ ਦੇ ਮਾਧਿਅਮ ਨਾਲ ਆਯੋਜਿਤ ਕੀਤੀ ਜਾ ਰਹੀ ਹੈ । ਕੰਪਨੀ ਨੇ ਆਡੀਓ ਵਿਜ਼ੂਅਲ ਮਾਧਿਅਮਾਂ ਰਾਹੀਂ ਏਜੀਐਮ ਦੀ ਸਹੂਲਤ ਵਾਸਤੇ ਮੇਸਰਜ਼ ਲਿੰਕਿਨਟਾਈਮ ਇੰਡੀਆ ਪ੍ਰਾਈਵੇਟ ਲਿਮਟਡ ਦੀਆਂ ਸੇਵਾਵਾਂ ਦਾ ਲਾਭ ਉਠਾਇਆ ਹੈ।

ਐਮਸੀਏ ਸਰਕੂਲਰਾਂ ਅਤੇ ਸੇਬੀ ਸਰਕੂਲਰ ਦੀ ਅਨੁਪਾਲਣਾ ਵਿਚ ਵਿੱਤੀ ਸਾਲ 2020-2021 ਲਈ ਸਾਲਾਨਾ ਰਿਪੋਰਟ ਦੇ ਨਾਲ ਸਾਲਾਨਾ ਆਮ ਬੈਠਕ ਦੀ ਸੂਚਨਾ, ਜਿਸ ਵਿਚ ਕਿ ਆੱਡਿਟਿਡ ਵਿੱਤੀ ਵਿਵਰਣ ਆੱਡਿਟਰਸ ਦੀ ਰਿਪੋਰਟ, ਬੋਰਡ ਦੀ ਰਿਪੋਰਟ ਅਤੇ ਇਸ ਦੇ ਨਾਲ ਅਟੈਚ ਕੀਤੇ ਜਾਣ ਲਈ ਜ਼ਰੂਰੀ ਹੋਰ ਦਸਤਾਵੇਜ਼ ਸ਼ਾਮਲ ਹਨ । ਸਿਰਫ ਉਹਨਾਂ ਮੈਂਬਰਾਂ ਨੂੰ ਇਲੈਕਟਰੋਨਿਕ ਮੋਡ ਰਾਹੀਂ ਭੇਜਿਆ ਜਾ ਰਿਹਾ ਹੈ, ਜਿਸ ਦੇ ਈ-ਮੇਲ ਪਤੇ ਕੰਪਨੀ/ਡਿਪਾਜ਼ਿਟਰੀ ਦੇ ਨਾਲ ਰਜਿਸਟਰਡ ਹਨ, ਜੋ ਕਿ ਉਕਤ ਐਮਸੀਏ ਸਰਕੂਲਰਾਂ ਅਤੇ ਸੇਬੀ ਦੁਆਰਾ ਜਾਰੀ ਸਰਕੂਲਰ ਦੇ ਅਨੁਸਾਰ 12 ਮਈ, 2020 ਨੂੰ ਜਾਰੀ ਕੀਤੇ ਗਏ ਹਨ । ਮੈਂਬਰ ਧਿਆਨ ਦੇਣ ਕਿ ਸਾਲਾਨਾ ਆਮ ਬੈਠਕ ਅਤੇ ਸਾਲਾਨਾ ਰਿਪੋਰਟ ਦੀ ਸੂਚਨਾ ਵਿੱਤੀ ਸਾਲ 2020-2021 ਲਈ ਕੰਪਨੀ ਦੀ ਵੈੱਬਸਾਈਟ www.gnagroup.com ਸਟਾਕ ਐਕਸਚੇਂਜਾਂ ਦੀ ਵੈੱਬਸਾਈਟ ਯਾਨੀ ਕਿ ਨੈਸ਼ਨਲ ਸਟਾਕ ਐਕਸਚੇਂਜ ਔਫ ਇੰਡੀਆ ਲਿਮਟਡ ਅਤੇ ਬੀਐਸਈ ਲਿਮਟਡ 'ਤੇ ਕ੍ਰਮਵਾਰ nseindia.com ਅਤੇ bseindia.com 'ਤੇ ਵੀ ਉਪਲੱਬਧ ਹੋਵੇਗੀ । ਮੈਂਬਰ ਸਿਰਫ ਵੀਸੀ/ਓਏਵੀਐਮ ਸਹੂਲਤ ਦੇ ਮਾਧਿਅਮ ਨਾਲ ਸਾਲਾਨਾ ਆਮ ਬੈਠਕ ਵਿਚ ਹਿੱਸਾ ਲੈ ਸਕਦੇ ਹਨ । ਕੰਪਨੀ ਨੇ 27 ਅਗਸਤ 2021 ਨੂੰ 28ਵੀਂ ਏਜੀਐਮ ਦੇ ਸਬੰਧ ਵਿਚ ਕੰਪਨੀ ਦੇ ਪਾਤਰ ਮੈਂਬਰਾਂ ਨੂੰ ਸਿਰਫ ਇਲੈਕਟਰੋਨਿਕ ਮੋਡ ਦੇ ਮਾਧਿਅਮ ਨਾਲ 24 ਜੁਲਾਈ, 2021 ਨੂੰ ਨੋਟਿਸ ਭੇਜਣ ਦਾ ਕੰਮ ਪੂਰਾ ਕਰ ਲਿਆ ਹੈ।

ਸਮੇਂ-ਸਮੇਂ 'ਤੇ ਸੋਧੇ ਗਏ ਕੰਪਨੀ (ਪ੍ਰਬੰਧਨ ਅਤੇ ਪ੍ਰਸ਼ਾਸਨ) ਨਿਯਮ 2014 ਦੇ ਨਿਯਮ 20 ਦੇ ਨਾਲ ਪੜ੍ਹੇ ਜਾਣ ਵਾਲੇ ਕੰਪਨੀ ਐਕਟ 2013 ਦੀ ਧਾਰਾ 108 ਦੀਆਂ ਤਜ਼ਵੀਜ਼ਾਂ ਅਤੇ ਸੇਬੀ (ਸੂਚੀਬੱਧਤਾ, ਜ਼ਿੰਮੇਵਾਰੀ, ਪ੍ਰਗਟੀਕਰਨ ਅਤੇ ਲੋੜਾਂ) ਰੈਗੂਲੇਸ਼ਨ 2015 ਦੇ ਨਿਯਮ 44 ਦੀਆਂ ਤਜ਼ਵੀਜ਼ਾਂ ਦੀ ਅਨੁਪਾਲਣਾ ਵਿਚ ਸ਼ੇਅਰਧਾਰਕਾਂ ਨੂੰ ਏਜੀਐਮ ਦੀ ਸੂਚਨਾ ਵਿਚ ਨਿਰਧਾਰਤ ਸੰਕਲਪਾਂ 'ਤੇ ਇਲੈਕਟਰੋਨਿਕ ਰੂਪ ਵਿਚ (ਈ-ਵੋਟਿੰਗ) ਵੋਟ ਕਰਨ ਦੀ ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ, ਜਿਸ ਲਈ ਕਿ ਕੰਪਨੀ ਨੇ ਵੋਟਿੰਗ ਲਈ ਈ-ਵੋਟਿੰਗ ਸਹੂਲਤ ਪ੍ਰਦਾਨ ਕੀਤੇ ਜਾਣ ਵਾਸਤੇ ਮੇਸਰਜ਼ ਲਿੰਕਿਨਟਾਈਮ ਇੰਡੀਆ ਪ੍ਰਾਈਵੇਟ ਲਿਮਟਡ ਦੀਆਂ ਸੇਵਾਵਾਂ ਲਈਆਂ ਹਨ । ਕੰਪਨੀ ਦੇ ਮੈਂਬਰ ਰਿਮੋਟ ਈ-ਵੋਟਿੰਗ ਦੇ ਮਾਧਿਅਮ ਨਾਲ ਆਪਣੀ ਵੋਟ ਪਾ ਸਕਦੇ ਹਨ ਅਤੇ ਵੀਸੀ/ਓਏਵੀਐਮ ਦੇ ਮਾਧਿਅਮ ਨਾਲ ਏਜੀਐਮ ਵਿਚ ਹਿੱਸਾ ਲੈਣ ਵਾਲੇ ਮੈਂਬਰਾਂ ਨੂੰ ਈ-ਵੋਟਿੰਗ ਦੀ ਸਹੂਲਤ ਦੇ ਸਕਦੇ ਹਨ । ਮੈਂਬਰਾਂ ਨੂੰ ਲਿੰਕਿਨਟਾਈਮ ਇੰਡੀਆ ਪ੍ਰਾਈਵੇਟ ਲਿਮਟਡ ਦੇ ਇੰਸਟਾਮੀਟ ਪਲੇਟਫਾਰਮ ਦੇ ਮਾਧਿਅਮ ਨਾਲ ਵੀਸੀ/ਓਏਵੀਐਮ ਦੇ ਮਾਧਿਅਮ ਨਾਲ ਏਜੀਐਮ ਵਿਚ ਭਾਗ ਲੈਣ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ । ਮੈਂਬਰ ਇਸ ਨੂੰ www.instameet.linkintime.co.in 'ਤੇ ਸ਼ੇਅਰਧਾਰਕ/ਮੈਂਬਰ ਲੌਗਿਨ ਦੇ ਤਹਿਤ ਈ-ਵੋਟਿੰਗ ਕਰੈਡੈਂਸ਼ੀਅਲਸ ਦਾ ਉਪਯੋਗ ਕਰ ਕੇ ਇਸ ਤੱਕ ਪਹੁੰਚ ਕਰ ਸਕਦੇ ਹਨ । 28ਵੀਂ ਸਾਲਾਨਾ ਆਮ ਬੈਠਕ ਦੀ ਸੂਚਨਾ ਵਿਚ ਇੰਸਟਾਮੀਟ ਪਲੇਟਫਾਰਮ ਦੇ ਮਾਧਿਅਮ ਨਾਲ ਏਡੀਐਮ ਵਿਚ ਹਿੱਸਾ ਲੈਣ ਅਤੇ ਈ-ਵੋਟਿੰਗ ਵਾਸਤੇ ਵਿਸਥਾਰਪੂਰਵਕ ਪ੍ਰਕਿਰਿਆ ਪ੍ਰਦਾਨ ਕੀਤੀ ਗਈ ਹੈ।

ਮੈਂਬਰ ਇਹ ਨੋਟ ਕਰ ਸਕਦੇ ਹਨ ਕਿ ਈ-ਵੋਟਿੰਗ 17 ਸਤੰਬਰ, 2021 (ਸਵੇਰੇ 9:00 ਵਜੇ) ਤੋਂ ਸ਼ੁਰੂ ਹੋਵੇਗੀ ਅਤੇ 19 ਸਤੰਬਰ, 2021 (ਸ਼ਾਮ 5:00 ਵਜੇ) ਨੂੰ ਸਮਾਪਤ ਹੋਵੇਗੀ । ਇਸ ਪੀਰੀਅਡ ਦੌਰਾਨ ਕੰਪਨੀ ਦੇ ਸ਼ੇਅਰਧਾਰਤ ਭੌਤਿਕ ਜਾਂ ਅਭੌਤਿਕ ਰੂਪ ਵਿਚ, ਕਟ-ਔਫ ਮਿਤੀ 13 ਸਤੰਬਰ, 2021 ਨੂੰ ਆਪਣੀ ਵੋਟ ਇਲੈਕਟਰੋਨਿਕ ਰੂਪ ਵਿਚ ਪਾ ਸਕਦੇ ਹਨ । ਜੇਕਰ ਸ਼ੇਅਰਧਾਰਕਾਂ ਕੋਲ ਈ-ਵੋਟਿੰਗ ਦੇ ਸਬੰਧ ਵਿਚ ਕੋਈ ਸਵਾਲ ਜਾਂ ਸਮੱਸਿਆ ਹੈ, ਤਾਂ ਕਿਰਪਾ ਕਰ ਕੇ ਅਕਸਰ ਪੁੱਛੇ ਜਾਣ ਵਾਲੇ ਸਵਾਲ (ਐਫਏਕਿਊਜ਼) ਅਤੇ ਇੰਸਟਾਵੋਟ ਈ-ਵੋਟਿੰਗ ਮੈਨੁਅਲ ਦੇਖੋ, ਜੋ ਕਿ https://instavote.linkintime.co.in 'ਤੇ ਉਪਲੱਬਧ ਹੈ, ਸਹਾਇਤਾ ਅਨੁਭਾਗ ਦੇ ਤਹਿਤ ਲਿਖੋ ਜਾਂ ਫਿਰ enotices@linkintime.co.in 'ਤੇ ਈਮੇਲ ਕਰੋ ਜਾਂ ਫਿਰ ਟੈਲੀਫੋਨ ਨੰਬਰ : 022 - 49186000 'ਤੇ ਲਿੰਕਿਨਟਾਈਮ ਨੂੰ ਕਾਲ ਕਰੋ ।

ਕੰਪਨੀ ਨੇ ਸਾਲਾਨਾ ਆਮ ਬੈਠਕ, ਲਾਭਾਂਸ਼ ਲਈ ਸ਼ੇਅਰਧਾਰਕਾਂ ਦੀ ਪਾਤਰਤਾ ਦਾ ਨਿਰਧਾਰਨ ਅਤੇ ਈ-ਵੋਟਿੰਗ ਦਾ ਲਾਭ ਉਠਾਉਣ ਦੀ ਸਹੂਲਤ ਦੇ ਉਦੇਸ਼ ਨਾਲ ਰਿਕਾਰਡ ਮਿਤੀ ਦੇ ਰੂਪ ਵਿਚ 13 ਸਤੰਬਰ, 2021 ਨੂੰ ਨਿਰਧਾਰਿਤ ਕੀਤਾ ਹੈ । ਜਿਸ ਵਿਅਕਤੀ ਦਾ ਨਾਮ ਕਟ-ਔਫ ਮਿਤੀ ਦੇ ਅਨੁਸਾਰ ਮੈਂਬਰਾਂ ਦੇ ਰਜਿਸਟਰ ਵਿਚ ਜਾਂ ਡਿਪਾਜ਼ਿਟਰੀ ਦੁਆਰਾ ਬਣਾਏ ਗਏ ਲਾਭਕਾਰੀ ਮਾਲਕਾਂ ਦੇ ਰਜਿਸਟਰ ਵਿਚ ਦਰਜ ਹੈ, ਉਹ ਵੋਟਿੰਗ ਦੀ ਸਹੂਲਤ ਦਾ ਲਾਭ ਉਠਾਉਣ ਦਾ ਹੱਕਦਾਰ ਹੋਵੇਗਾ, ਅਤੇ 28ਵੀਂ ਏਜੀਐਮ ਵਿਚ ਐਲਾਨਿਤ ਹੋਣ 'ਤੇ ਲਾਭਾਂਸ਼ ਦਾ ਹੱਕਦਾਰ ਹੋਵੇਗਾ । ਈ-ਵੋਟਿੰਗ ਦੀ ਸਹੂਲਤ ਏਜੀਐਮ ਦੇ ਸਮੇਂ ਵੀ ਉਪਲੱਬਧ ਹੋਵੇਗੀ ਅਤੇ ਜਿਹਨਾਂ ਮੈਂਬਰਾਂ ਨੇ ਪਹਿਲਾਂ ਇਲੈਕਟਰੋਨਿਕ ਰੂਪ ਵਿਚ ਆਪਣੀ ਵੋਟ ਨਹੀਂ ਪਾਈ ਹੈ, ਉਹ ਏਜੀਐਮ ਵਿਚ ਵੋਟ ਪਾਉਣ ਦੇ ਪਾਤਰ ਹੋਣਗੇ । ਕੋਈ ਮੈਂਬਰ ਰਿਮੋਟ ਈ-ਵੋਟਿੰਗ ਦੇ ਮਾਧਿਅਮ ਨਾਲ ਆਪਣੇ ਵੋਟਿੰਗ ਦੇ ਅਧਿਕਾਰ ਦਾ ਉਪਯੋਗ ਕਰਨ ਤੋਂ ਬਾਅਦ ਵੀ ਏਜੀਐਮ ਵਿਚ ਹਿੱਸਾ ਲੈ ਸਕਦਾ ਹੈ ਪਰ ਉਸ ਨੂੰ ਬੈਠਕ ਵਿਚ ਦੁਬਾਰਾ ਵੋਟਿੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

**ਬੋਰਡ ਔਫ ਡਾਇਰੈਕਟਰਜ਼ ਦੇ ਹੁਕਮ ਰਾਹੀਂ**
**ਜੀਐਨਏ ਐਕਸਲਸ ਲਿਮਟਡ ਲਈ**
**ਗੌਰਵ ਜੈਨ**
**ਕੰਪਨੀ ਸਕੱਤਰ**

**ਸਥਾਨ:** ਜਲੰਧਰ
**ਤਾਰੀਖ਼ :** 28 ਅਗਸਤ, 2021

"Rozana Spokesman"
Punjabi Daily
Published on
29th August, 2021.

